# Telephonic conversation between Prime Minister and Prime Minister of Portugal

May 05, 2020

---

## ਪ੍ਰਧਾਨ ਮੰਤਰੀ ਅਤੇ ਪੁਰਤਗਾਲੀ ਪ੍ਰਧਾਨ ਮੰਤਰੀ ਦਰਮਿਆਨ ਹੋਈ ਟੈਲੀਫੋਨ 'ਤੇ ਗੱਲਬਾਤ

5 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਪੁਰਤਗਾਲ ਦੇ ਪ੍ਰਧਾਨ ਮੰਤਰੀ ਮਹਾਮਹਿਮ ਐਂਟੋਨੀਓ ਕੋਸਟਾ ਨਾਲ ਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਫਰਵਰੀ ਵਿੱਚ ਪੁਰਤਗਾਲ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਮਾਰਸੇਲੋ ਰੈਬੇਲੋ ਡੀ ਸੂਸਾ ਵੱਲੋਂ ਕੀਤੇ ਗਏ ਭਾਰਤ ਦੇ ਸਰਕਾਰੀ ਦੌਰੇ ਨੂੰ ਯਾਦ ਕੀਤਾ।

ਦੋਵਾਂ ਆਗੂਆਂ ਨੇ COVID -19 ਮਹਾਂਮਾਰੀ ਦੇ ਹਾਲਾਤ ਅਤੇ ਇਸ ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵ ਨੂੰ ਕਾਬੂ ਕਰਨ ਲਈ ਦੋਵਾਂ ਦੇਸ਼ਾਂ ਦੁਆਰਾ ਚੁੱਕੇ ਜਾ ਰਹੇ ਕਦਮਾਂ ਬਾਰੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਇਸ ਸੰਕਟ ਨਾਲ ਕਾਰਗਰ ਤਰੀਕੇ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਕੋਸਟਾ ਦੀ ਸ਼ਲਾਘਾ ਕੀਤੀ।

ਦੋਨਾਂ ਆਗੂਆਂ ਨੇ ਕਿਹਾ ਕਿ ਇਸ ਵਾਇਰਸ ਦੇ ਫੈਲਾਅ ਦੀ ਰੋਕਥਾਮ ਵਿੱਚ ਕਿਰਿਆਸ਼ੀਲ ਕੌਮੀ ਉਪਾਅ ਮਦਦਗਾਰ ਹਨ। ਉਨ੍ਹਾਂ ਨੇ ਹਾਲਾਤ ਨਾਲ ਨਜਿੱਠਣ ਲਈ ਇੱਕ ਦੂਜੇ ਨੂੰ ਹਰ ਮੁਮਕਿਨ ਮਦਦ ਦੀ ਪੇਸ਼ਕਸ਼ ਕੀਤੀ ਅਤੇ COVID -19 ਨਾਲ ਜੰਗ ਕਰਨ ਲਈ ਖੋਜ ਅਤੇ ਨਵੀਨਤਾ ਵਿਚ ਭਾਈਵਾਲੀ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਪ੍ਰਧਾਨ ਮੰਤਰੀ ਨੇ ਪੁਰਤਗਾਲ ਗਏ ਭਾਰਤੀ ਯਾਤਰੀਆਂ, ਜੋ ਲਾਕਡਾਊਨ ਕਾਰਨ ਵਾਪਸ ਨਹੀਂ ਪਰਤ ਸਕੇ, ਦੇ ਵੀਜ਼ਾ ਦੀ ਵੈਧਤਾ ਨੂੰ ਵਧਾਉਣ ਲਈ ਪ੍ਰਧਾਨ ਮੰਤਰੀ ਕੋਸਟਾ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਕੋਸਟਾ ਨੇ ਭਾਰਤ ਵਿਚ ਪੁਰਤਗਾਲੀ ਨਾਗਰਿਕਾਂ ਨੂੰ ਭਾਰਤੀ ਅਧਿਕਾਰੀਆਂ ਦੁਆਰਾ ਦਿੱਤੀ ਗਈ ਮਦਦ ਲਈ ਆਪਣੀ ਸ਼ਲਾਘਾ ਦਾ ਪ੍ਰਗਟਾਅ ਕੀਤਾ।

ਦੋਨਾਂ ਆਗੂਆਂ ਨੇ ਇਸ ਸੰਕਟ ਦੇ ਉਭਰ ਰਹੇ ਪਹਿਲੂਆਂ ਅਤੇ COVID ਤੋਂ ਬਾਅਦ ਦੇ ਹਾਲਾਤ ਬਾਰੇ ਇੱਕ ਦੂਜੇ ਦੇ ਸੰਪਰਕ ਵਿਚ ਰਹਿਣ ਅਤੇ ਸਲਾਹ ਮਸ਼ਵਰਾ ਕਰਨ 'ਤੇ ਸਹਿਮਤੀ ਜ਼ਾਹਰ ਕੀਤੀ।

ਨਵੀਂ ਦਿੱਲੀ
5 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.